## ਰਤਨਾਕਰ ਪੱਚੀਸੀ ਦੇ ਲੇਖਕ ਬਾਰੇ:

ਵਿਕਰਮ ਸੰਮਤ ਦੀ 14ਵੀਂ ਸਦੀ ਦਾ ਸਮਾਂ ਸੀ ਭਰਿਗੂ ਕੱਛ ਨਾਂ ਦੀ ਇੱਕ ਪ੍ਰਸਿੱਧ ਬੰਦਰਗਾਹ ਸੀ। ਜਿਸ ‘ਤੇ ਦੇਸ਼ ਤੇ ਵਿਦੇਸ਼ ਦੇ ਜਹਾਜ਼ ਆਉਂਦੇ ਸਨ। ਇੱਥੇ ਜੈਨ ਧਰਮ ਦੇ ਉਪਾਸਕਾਂ ਦੀ ਵੱਡੀ ਗਿਣਤੀ ਸੀ। ਇਸੇ ਕਾਰਨ ਇੱਥੇ ਪ੍ਰਸਿੱਧ ਕਲਾਤਮਕ ਮੰਦਿਰ, ਉਪਾਸਰੇ (ਸਾਧੂਆਂ ਦੇ ਠਹਿਰਨ ਦਾ ਸਥਾਨ) ਅਤੇ ਦਾਨੀ ਸੱਜਣ ਵੀ ਰਹਿੰਦੇ ਸਨ। ਹਰ ਸਾਲ ਇਸ ਸਥਾਨ ਤੇ ਸਾਧੂ ਸਾਧਵੀ ਧਰਮ ਉਪਦੇਸ਼ ਲਈ ਆਉਂਦੇ। ਸਿੱਟੇ ਵਜੋਂ ਇੱਥੇ ਦੇ ਵਾਸੀ ਦਾਨਸ਼ੀਲ, ਤੱਪ ਅਤੇ ਭਾਵਨਾ ਰਾਹੀਂ ਧਰਮ ਦੀ ਅਰਾਧਨਾ ਕਰਦੇ ਸਨ। ਇਸ ਸਥਾਨ ‘ਤੇ 20ਵੇਂ ਤੀਰਥੰਕਰ ਮੂਨੀ ਸੁਵਰਤ ਸਵਾਮੀ ਦਾ ਪ੍ਰਸਿੱਧ ਤੇ ਪ੍ਰਾਚੀਨ ਮੰਦਿਰ ਸੀ, ਜਿਸ ਕਾਰਨ ਇਹ ਨਗਰ ਜੈਨ ਤੀਰਥ ਦੇ ਰੂਪ ਵਿੱਚ ਜਾਣਿਆ ਜਾਂਦਾ ਸੀ।

ਇਸੇ ਨਗਰ ਵਿੱਚ ਰਤਨ ਸੈਨ ਨਾਂ ਦਾ ਸੇਠ ਰਹਿੰਦਾ ਸੀ। ਜਿਸ ਦਾ ਦੇਸ਼ ਵਿਦੇਸ਼ ਵਿੱਚ ਹੀਰੇ ਮੋਤੀਆਂ ਦਾ ਵਿਉਪਾਰ ਸੀ। ਸੇਠ ਦੇ ਦੋ ਪੁੱਤਰ ਸਨ।

ਇਕ ਵਾਰ ਇਸ ਨਗਰ ਵਿੱਚ ਧਰਮ ਪ੍ਰਚਾਰ ਕਰਦੇ ਹੋਏ ਪ੍ਰਸਿੱਧ ਜੈਨ ਅਚਾਰਿਆ ਵਿਜੈ ਧਰਮ ਸੈਨ ਸੂਰੀ ਜੀ

ਮਹਾਰਾਜ ਪਧਾਰੇ। ਨਗਰ ਦੇ ਲੋਕਾਂ ਨੇ ਅਚਾਰਿਆ ਦਾ ਧੂਮ ਧਾਮ ਨਾਲ ਸਵਾਗਤ ਕੀਤਾ। ਉਨ੍ਹਾਂ ਦਾ ਉਪਦੇਸ਼ ਸੁਣਨ ਲਈ ਧਰਮ ਸਭਾ ਇੱਕਠੀ ਹੋਈ, ਉਸ ਸਭਾ ਵਿੱਚ ਰਤਨ ਸੈਨ ਵੀ ਆਇਆ। ਅਚਾਰਿਆ ਜੀ ਦਾ ਉਪਦੇਸ਼ ਸੁਣ ਕੇ ਸੇਠ ਰਤਨ ਸੈਨ ਦੇ ਮਨ ਵਿੱਚ ਵੈਰਾਗ ਉਤਪੰਨ ਹੋ ਗਿਆ। ਸੇਠ ਨੇ ਸਾਧੂ ਬਣਨ ਦਾ ਫੈਸਲਾ ਕੀਤਾ ਅਤੇ ਘਰ ਵਾਲੀਆ ਦੀ ਰਜਾਮੰਦੀ ਨਾਲ ਉਹ ਸਾਧੂ ਬਣ ਗਿਆ। ਸਾਧੂ ਬਣਨ ਤੋਂ ਪਹਿਲਾਂ ਸਾਰੇ ਵਿਉਪਾਰ ਦੀ ਜਿੰਮਵਾਰੀ ਉਸ ਨੇ ਅਪਣੇ ਪ੍ਰਤਰਾਂ ਨੂੰ ਸੰਭਾਲ ਦਿੱਤੀ।

ਸੇਠ ਰਤਨ ਸੈਨ ਕੋਲ ਵੱਡਮੁੱਲੇ ਰਤਨ ਸਨ। ਸੇਠ ਨੂੰ ਇਹਨਾਂ ਰਤਨਾਂ ਪ੍ਰਤੀ ਇੰਨਾਂ ਮੋਹ ਸੀ ਕਿ ਉਹ ਰਤਨਾਂ ਨੂੰ ਬਾਰ ਬਾਰ ਸੰਭਾਲ ਕੇ ਰੱਖਦਾ ਸੀ। ਰੋਜਾਨਾ ਇਸਨਾਨ ਕਰਕੇ ਉਹ ਇਹਨਾਂ ਰਤਨਾਂ ਦੇ ਗਹਿਣੇ ਪਹਿਨ ਕੇ, ਜਦ ਤੱਕ ਉਹ ਰਤਨਾਂ ਨੂੰ ਨਾ ਵੇਖ ਲੈਂਦਾ ਉਸ ਦੇ ਮਨ ਨੂੰ ਚੈਨ ਨਾ ਆਉਂਦਾ।

ਸਾਧੂ ਬਣਨ ਤੋਂ ਪਹਿਲਾਂ ਸੇਠ ਰਤਨ ਸੈਨ ਨੇ ਵਿਚਾਰ ਕੀਤਾ ਕਿ ਮੈਂ ਹੋਰ ਤਾਂ ਸਭ ਕੁੱਝ ਛੱਡ ਦੇਵਾਂਗਾ, ਪਰ ਇਹ ਰਤਨ ਤਾਂ ਮੈਨੂੰ ਜਾਣ ਤੋਂ ਪਿਆਰੇ ਹਨ। ਮੈਂ ਇਹਨਾਂ ਨੂੰ ਅਪਣੇ ਪਾਸ ਰੱਖਕੇ ਨਾ ਤਾਂ ਸਾਧੂ ਬਣ ਸਕਦਾ ਹੈ ਅਤੇ ਨਾ ਇਹਨਾਂ ਨੂੰ ਛੱਡ ਸਕਦਾ ਹਾਂ। ਸੇਠ ਨੇ ਅਪਣੇ ਵੱਡੇ ਪੁੱਤਰ ਨੂੰ

ਬੁਲਾਕੇ ਕਿਹਾ, "ਪੁੱਤਰ! ਮੈਂ ਸਾਧੂ ਬਣਨਾ ਹੈ, ਮੈਨੂੰ ਇਹ ਰਤਨ ਇਕ ਪੋਟਲੀ ਵਿੱਚ ਬੰਨ੍ਹ ਕੇ ਸਾਧੂ ਦਿਖਿਆ ਵੇਲੇ ਦੇ ਦੇਵੀਂ"

ਪੁੱਤਰ ਨੂੰ ਪਿਤਾ ਦੇ ਰਤਨਾਂ ਪ੍ਰਤੀ ਮੋਹ ਤੇ ਹਾਸਾ ਆਇਆ, ਪਰ ਫੇਰ ਵੀ ਉਸ ਨੇ ਸੋਚਿਆ ਸਾਇਦ ਗਿਆਨ ਪ੍ਰਾਪਤ ਕਰਕੇ ਪਿਤਾ ਦਾ ਮੋਹ ਰਤਨਾਂ ਤੋਂ ਛੁੱਟ ਜਾਵੇ। ਸੇਠ ਰਤਨ ਸੈਨ ਹੁਣ ਮੂਨੀ ਰਤਨ ਵਿਜੈ ਬਣ ਚੁੱਕਾ ਸੀ। ਸਾਧੂ ਬਣਦੇ ਹੀ ਮੂਨੀ ਸ਼੍ਰੀ ਰਤਨਾਕਰ ਸੂਰੀ ਤੋਂ ਉਸ ਨੇ ਗਿਆਨ ਪ੍ਰਾਪਤ ਕਰਨਾ ਸੁਰੂ ਕੀਤਾ।

ਇਕ ਦਿਨ ਮੂਨੀ ਰਤਨਾਕਰ ਵਿਜੈ ਧਰਮ ਪ੍ਰਚਾਰ ਕਰਦੇ ਹੋਏ ਅਪਣੇ ਨਗਰ ਪਧਾਰੇ, ਭੋਜਨ ਲਈ ਉਹ ਅਪਣੇ ਸੰਸਾਰਿਕ ਘਰ ਗਏ, ਤਾਂ ਪੁੱਤਰ ਨੇ ਰਤਨਾਂ ਦੀ ਪੋਟਲੀ ਸੰਭਾਲ ਦਿੱਤੀ। ਮੂਨੀ ਦਾ ਰਤਨਾਂ ਪ੍ਰਤੀ ਮੋਹ ਬਰਕਰਾਰ ਸੀ। ਉਹ ਹਰ ਰੋਜ ਜਦੋਂ ਸਾਧੂ ਜੀਵਨ ਦੀਆਂ ਕ੍ਰਿਆਵਾਂ ਕਰਦੇ ਹੋਏ ਵੀ ਰਤਨਾਂ ਨੂੰ ਵੇਖਦੇ ਰਹਿੰਦੇ। ਕੁਝ ਸਮੇਂ ਬਾਅਦ ਅਚਾਰਿਆ ਧਰਮ ਸੈਨ ਨੇ ਯੋਗ ਸਮਝਕੇ ਆਪ ਨੂੰ ਅਚਾਰਿਆ ਪਦ ਦਿੱਤਾ। ਹੁਣ ਉਹ ਅਚਾਰਿਆ ਰਤਨਾਕਰ ਸੂਰੀ ਦੇ ਨਾਂ ਨਾਲ ਪ੍ਰਸਿੱਧ ਹੋ ਗਏ।

ਇਕ ਵਾਰ ਆਪ ਗੁਜਰਾਤ ਦੇ ਰਾਏਖੰਡ ਬੰਡਲੀ ਵਿੱਚ ਘੁੱਮ ਰਹੇ ਸਨ। ਉੱਥੇ ਧੋਲਕਾ ਨਿਵਾਸੀ ਇੱਕ ਰੂਈ ਦਾ ਵਿਉਪਾਰੀ ਕਿਸੇ ਕੰਮ ਲਈ ਆਇਆ। ਉਸ ਨੇ ਧਰਮ ਅਨੁਸਾਰ ਪੂਜਾ, ਸਮਾਇਕ ਕਰਕੇ ਅਚਾਰਿਆ ਦਾ ਪ੍ਰਵਚਨ ਸੁਣੇ। ਹਰ ਰੋਜ ਉਹ ਮੁਨੀ ਦਾ ਪ੍ਰਵਚਨ ਸੁਣਦਾ ਸੀ।

ਇਕ ਵਾਰ ਦੁਪਿਹਰ ਸਮੇਂ ਆਇਆ, ਤਾਂ ਉਸ ਨੇ ਅਚਾਰਿਆ ਨੂੰ ਰਤਨਾਂ ਦੀ ਪੋਟਲੀ ਸੰਭਾਲਦੇ ਵੇਖਿਆ। ਉਪਾਸਕ ਇਹ ਵੇਖ ਕੇ ਹੈਰਾਨ ਰਹਿ ਗਿਆ, “ਉਹ ਸੋਚਨ ਲੱਗਾ ਮੈਂ ਤਾਂ ਇਹਨਾਂ ਨੂੰ ਤਿਆਗੀ ਸਮਝਦਾ ਸੀ, ਪਰ ਇਹ ਤਾਂ ਰਤਨਾਂ ਦੀ ਪੋਟਲੀ ਨੂੰ ਸੰਭਾਲ ਕੇ ਰੱਖਦੇ ਹਨ, ਜੋ ਅਪਰਿਗ੍ਰਹਿ ਮਹਾਂ ਵਰਤ ਦੀ ਉਲੰਘਣਾ ਹੈ। ਉਪਾਸਕ ਸਮਝਦਾਰ ਸੀ ਉਸ ਨੇ ਅਚਾਰਿਆ ਨੂੰ ਠੀਕ ਰਾਹ ਵਿਖਾਉਣ ਲਈ ਇਕ ਵਿਉਂਤ ਸੋਚੀ ਉਸ ਨੇ ਇਕ ਸਲੋਕ ਦਾ ਅਰਥ ਪੁਛਿਆ ਜਿਸ ਦਾ ਭਾਵ ਇਸ ਪ੍ਰਕਾਰ ਸੀ, “ਸੈਂਕੜੇ ਦੋਸ਼ਾਂ ਦਾ ਮੂਲ ਕਾਰਨ ਰੂਪ ਪਹਿਲੇ ਰਿਸ਼ਿਆਂ ਰਾਹੀਂ ਵਰਜਤ ਇਹ ਜਾਲ ਤੂੰ ਅਪਣੇ ਕੋਲ ਕਿਉਂ ਰੱਖਦਾ ਹੈ?”

ਸ੍ਰਾਵਕ ਨੇ ਪੁਛਿਆ ‘ਗੁਰੂ ਜੀ!’ ਮੈਨੂੰ ਇਸ ਦਾ ਅਰਥ ਪਤਾ ਨਹੀਂ ਕ੍ਰਿਪਾ ਕਰਕੇ ਮੈਨੂੰ ਇਸ ਦਾ ਅਰਥ ਸਮਝਾਉ, ਅਚਾਰਿਆ ਜੀ ਨੇ ਸ੍ਰਾਵਕ ਦੇ ਸਲੋਕ ਦਾ ਹੋਰ ਅਰਥ

ਦੱਸਿਆ। ਸ੍ਰਾਵਕ ਹਰ ਰੋਜ ਅਰਥ ਪੁੱਛਦਾ, ਅਚਾਰਿਆ ਹਰ ਰੋਜ ਨਵਾਂ ਨਵਾਂ ਅਰਥ ਦੱਸਦਾ। ਉਪਾਸਕ ਨੇ ਅਚਾਰਿਆ ਦਾ ਲਗਾਤਾਰ ਛੇ ਮਹਿਨੇ ਪਿੱਛਾ ਕੀਤਾ।

ਇਕ ਦਿਨ ਅਚਾਰਿਆ ਇਕਲੇ ਬੈਠੇ ਸਨ ਉਨ੍ਹਾਂ ਨੂੰ ਖਿਆਲ ਆਇਆ ਇਹ ਉਪਾਸਕ ਆਮ ਉਪਾਸਕ ਨਹੀਂ, ਜੋ ਇਕੋ ਗੱਲ ਨੂੰ ਵਾਰ ਵਾਰ ਦੁਹਰਾ ਰਿਹਾ ਹੈ, ਜ਼ਰੂਰ ਇਸ ਨੂੰ ਮੇਰੇ ਰਤਨਾ ਦੇ ਪ੍ਰਤੀ ਮੋਹ ਦਾ ਪਤਾ ਲੱਗ ਗਿਆ ਹੋਵੇਗਾ। ਜਦ ਤੱਕ ਮੇਰੇ ਪਾਸ ਇਹ ਅਪਰਿਗ੍ਰਹਿ ਰਹੇਗਾ ਤਦ ਤੱਕ ਮੈਂ ਇਸ ਸਲੋਕ ਦਾ ਸਹੀ ਅਰਥ ਨਹੀਂ ਦੱਸ ਸਕਦਾ"

"ਮੈਂ ਇਨ੍ਹਾਂ ਵਿਸ਼ਾਲ ਧਨ, ਪਰਿਵਾਰ, ਵਿਉਪਾਰ ਤੇ ਘਰ ਛੱਡਿਆ, ਫੇਰ ਇਹਨਾਂ ਰਤਨਾਂ ਦਾ ਮੋਹ ਬੇਕਾਰ ਹੈ। ਜਦੋਂ ਹਾਥੀ ਵੇਚ ਦਿੱਤਾ ਫੇਰ ਅੰਕੁਸ਼ (ਹਾਥੀ ਨੂੰ ਕਾਬੂ ਕਰਨ ਵਾਲਾ ਡੰਡਾ, ਜੋ ਮਹਾਵਤ ਰੱਖਦੇ ਹਨ) ਦਾ ਮੋਹ ਕਿਉਂ? ਇਹਨਾਂ ਤੁਛ ਰਤਨਾਂ ਪਿੱਛੇ ਅਪਣੇ ਜੀਵਨ ਰੂਪੀ ਚਿੰਤਾਮਨੀ ਰਤਨ ਨੂੰ ਦੋਸ਼ ਲਗਾਉਣਾ ਗਲਤ ਹੈ"।

ਅਚਾਰਿਆ ਜੀ ਨੂੰ ਅਪਣੀ ਭੁਲ ਸਾਫ ਨਜ਼ਰ ਆਉਣ ਲੱਗੀ। ਉਨ੍ਹਾਂ ਫੋਰਨ ਹੀ ਉਸ ਉਪਾਸਕ ਦੇ ਸਾਹਮਣੇ ਰਤਨਾਂ ਦਾ ਚੂਰਾ ਚੂਰਾ ਕਰ ਦਿੱਤਾ ਅਤੇ ਹੋਰ ਮੋਹ ਦਾ ਕਾਰਨ ਚੀਜਾਂ ਦਾ ਤਿਆਗ ਵੀ ਕਰ ਦਿੱਤਾ। ਉਸ ਤੋਂ ਬਾਅਦ ਉਨ੍ਹਾਂ ਨੇ

ਉਪਾਸਕ ਨੂੰ ਉਸ ਸ਼ਲੋਕ ਦਾ ਸਹੀ ਅਰਥ ਸਮਝਾਉਂਦੇ ਹੋਏ ਕਿਹਾ, "ਪਰੀਗ੍ਰਹਿ ਦਾ ਮੂਲ ਅਰਥ (ਧਨ) ਹੈ, ਇਹ ਸੈਂਕੜੇ ਹਜ਼ਾਰਾਂ ਦੋਸ਼ਾਂ ਦੀ ਜੜ ਹੈ। ਆਤਮਾ ਨੂੰ ਜਕੜਨ ਲਈ ਹੀ ਇਸ ਦੀ ਉਤਪਤੀ ਹੋਈ ਹੈ। ਪਹਿਲਾਂ ਹੋਏ ਰਿਸ਼ਿਆਂ, ਸੰਜਮਿਆਂ ਨੇ ਜਿਸ ਦਾ ਤਿਆਗ ਕੀਤਾ ਹੈ। ਉਸ ਅਨਰਥਕਾਰੀ ਧਨ ਨੂੰ, ਜੇ ਤੂੰ ਅਪਣੇ ਕੋਲ ਰੱਖਦਾ ਹੈਂ ਤਾਂ ਤੇਰਾ ਤਪ ਜਪ ਆਦਿ ਧਾਰਮਿਕ ਕ੍ਰਿਆ ਬੇਕਾਰ ਹੈ"।

ਉਪਾਸਕ ਨੂੰ ਸਲੋਕ ਦਾ ਅਰਥ ਦੱਸਦੇ ਦੱਸਦੇ ਉਨ੍ਹਾਂ ਦੀ ਆਤਮਾ ਨਿਰਮਲ ਹੋ ਗਈ। ਉਨ੍ਹਾਂ ਉਪਾਸ਼ਕ ਨੂੰ ਕਿਹਾ, "ਹੇ ਪਰਉਪਕਾਰੀ ਉਪਾਸਕ! ਇਹ ਗਾਥਾ ਤੈਨੂੰ ਨਹੀਂ ਮੈਨੂੰ ਉਪਦੇਸ਼ ਦੇ ਰਹੀ ਹੈ। ਛੱਤੀ ਗੁਣਾਂ ਦੇ ਧਾਰਕ ਅਚਾਰਿਆ ਦੀ ਆਤਮਾ ਨੂੰ ਤੁਸੀ ਜੋ ਗਾਥਾ ਰਾਹੀਂ ਉਪਦੇਸ਼ ਦਿਤਾ ਹੈ, ਮੈਂ ਤੁਹਾਡੇ ਜਿਹੇ ਵਿਦਵਾਨ ਉਪਾਸਕ ਨੂੰ ਧੰਨਵਾਦ ਦਿੰਦਾ ਹਾਂ। ਤੁਸੀਂ ਮੇਰੇ ਸੱਚੇ ਗੁਰੂ ਹੋ"।

ਅਚਾਰਿਆ ਦੇ ਉੱਤਰ ਤੋਂ ਉਪਾਸਕ ਵੀ ਖੁਸ਼ ਹੋ ਗਿਆ। ਇਕ ਵਾਰ ਅਚਾਰਿਆ ਜੀ ਧਰਮ ਪਰਚਾਰ ਕਰਦੇ ਹੋਏ ਚਿਤੋੜ ਪਧਾਰੇ, ਚਿਤੋੜ ਦੇ ਉਪਾਸਕ ਸਮਰਾ ਸ਼ਾਹ ਓਸਵਾਲ ਚੋਪੜਾ ਨੇ ਸ਼ਤਰੂੰਜੈ ਤੀਰਥ ਲਈ ਵਿਸ਼ਾਲ ਸੰਘ ਲੈ ਜਾਣ ਦੀ ਪ੍ਰੇਰਨਾ ਅਚਾਰਿਆ ਸ਼੍ਰੀ ਨੇ ਉਸ ਉਪਾਸਕ ਨੂੰ

ਦਿੱਤੀ। ਇਸ ਯਾਤਰੀ ਸੰਘ ਵਿੱਚ ਸਾਰੇ ਭਾਰਤ ਤੋਂ ਦੋ ਲੱਖ ਯਾਤਰੀਆਂ ਸਮੇਤ, ਪ੍ਰਸ਼ਿਧ ਅਚਾਰਿਆ ਸ਼੍ਰੀ ਸੋਮ ਪਰਭਵ ਸੂਰੀ, ਸ਼੍ਰੀ ਰਤਨਾਕਰ ਸੂਰੀ ਆਦਿ ਅਨੇਕਾਂ ਅਚਾਰਿਆ ਤੇ ਸਾਧੂ ਸਾਧਵੀ ਸ਼ਾਮਲ ਹੋਏ।

ਸੇਠ ਸਮਰਾ ਸ਼ਾਹ ਨੇ ਤੀਰਥ ਤੇ ਸਥਾਪਤ ਪੁਰਾਣੇ ਮੰਦਿਰ ਦੀ ਮੁਰੰਮਤ ਕਰਵਾਈ ਅਤੇ ਸ਼ਤਰੂੰਜੈ ਮਹਾਂ ਤੀਰਥ ਦਾ 15ਵਾਂ ਜੀਰਨੋਦੁਆਰ (ਮੁਰੰਮਤ ਦਾ ਕੰਮ ਸ਼ੁਰੂ ਕੀਤਾ) ਸਮਰਾ ਸ਼ਾਹ ਦਾ ਯੱਸ਼ ਅਤੇ ਕ੍ਰਿਤੀ ਚਹੁ ਪਾਸੇ ਫੈਲ ਗਈ। ਇਸ ਮੌਕੇ ਤੇ ਅਚਾਰਿਆ ਸ਼੍ਰੀ ਰਤਨਾਕਰ ਸੂਰੀ ਜੀ ਨੇ ਸ਼ਤਰੂੰਜੈ ਮਹਾਂ ਤੀਰਥ ਦੇ ਮੂਲ ਨਾਇਕ ਪਹਿਲੇ ਤੀਰਥੰਕਰ ਭਗਵਾਨ ਆਦਿ ਨਾਥ (ਰਿਸ਼ਭ ਦੇਵ) ਦੀ ਉਪਾਸਨਾ ਕੀਤੀ, ਜੋ ਵੀ ਉਨ੍ਹਾਂ ਦੇ ਪਹਿਲੇ ਜੀਵਨ ਵਿੱਚ ਸੰਜਮ ਸਾਧੂ ਜੀਵਨ ਪ੍ਰਤੀ ਗਲਤੀਆਂ ਹੋਇਆ ਸਨ ਉਸ ਦੀ ਖਿੰਮਾ ਮੰਗੀ। ਇਸੇ ਆਤਮ ਨਿੰਦਾ ਦੇ ਰੂਪ ਵਿੱਚ ਰਤਨਾਕਰ ਪੱਚੀਸੀ ਦੀ ਰਚਨਾ ਹੋਈ। ਇਹ ਰਚਨਾ ਸੰਸਕ੍ਰਿਤ ਭਾਸ਼ਾ ਵਿੱਚ ਹੈ, ਸਵੈਤਾਂਬਰ ਜੈਨ ਸਮਾਜ ਵਿੱਚ ਇਹ ਰਚਨਾ ਇਨੀ ਪ੍ਰਸ਼ਿਧ ਹੋਈ ਹੈ ਕਿ ਇਸ ਦਾ ਕਈ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕਾ ਹੈ, ਕਈ ਗਾਇਕਾਵਾਂ ਨੇ ਇਸ ਨੂੰ ਅਪਣੀ ਆਵਾਜ ਵੀ ਪ੍ਰਦਾਨ ਕੀਤੀ ਹੈ। ਸਾਨੂੰ ਖੁਸ਼ੀ ਹੈ ਕਿ ਅਸੀਂ ਇਸ ਦਾ ਪੰਜਾਬੀ ਅਨੁਵਾਦ

ਪੇਸ਼ ਕਰ ਰਹੇ ਹਾਂ, ਸੂਝਵਾਨ ਇਸ ਨੂੰ ਪਸੰਦ ਕਰਨਗੇ, ਅਜਿਹੀ ਆਸ ਹੈ।

ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਅਸੀਂ ਆਪਣੇ ਛੋਟੇ ਭਰਾ ***ਸ਼੍ਰੀ ਮੁਹੰਮਦ ਸ਼ੱਬੀਰ (ਜ਼ੂਨੈਰ੍ਹਾ ਕੰਪਿਊਟਰਜ਼) ਮਾਲੇਰਕੋਟਲਾ*** ਦੇ ਸਹਿਯੋਗ ਅਤੇ ਮਿਹਨਤ ਲਈ ਧੰਨਵਾਦੀ ਹਾਂ।

ਅਸੀਂ ਸ਼੍ਰੀ ਵਿਨੋਦ ਦਰਿਆਪੁਰਕਰ ਚੇਅਰਮੈਨ ਜੈਨ ਵਰਲਡ ਫਾਉਂਡੇਸ਼ਨ ਯੂ. ਐਸ. ਏ. ਅਤੇ ਸ਼੍ਰੀ ਸੁਨੀਲ ਦੇਸ਼ਮਨੀ ਦੇ ਵਿਸ਼ੇਸ਼ ਰੂਪ ਵਿੱਚ ਧੰਨਵਾਦੀ ਹਾਂ ਜਿਨ੍ਹਾਂ ਇਸ ਪੁਸਤਕ ਨੂੰ ਅਪਣੀ ਵੈਬ ਜੈਨ ਵਰਲਡ ਤੇ ਸਥਾਨ ਦੇ ਕੇ ਇਸ ਪੁਸਤਕ ਨੂੰ ਸੰਸਾਰ ਦੇ ਕੋਨੇ - ਕੋਨੇ ਵਿੱਚ ਪਹੁੰਚਾਇਆ ਹੈ।

31/03/2010 — ਸ਼ੁਭ ਚਿੰਤਕ

ਮਾਲੇਰਕੋਟਲਾ — ਰਵਿੰਦਰ ਜੈਨ, ਪੁਰਸ਼ੋਤਮ ਜੈਨ

# ਰਤਨਾਕਰ ਪੱਚੀਸੀ

ਮੁਕਤੀ ਰੂਪੀ ਲੱਕਸ਼ਮੀ ਦੇ ਪਵਿਤਰ ਲੀਲਾ ਮੰਦਿਰ, ਭਾਵ ਮੁਕਤੀ ਦੇ ਨਿਵਾਸ ਸਥਾਨ! ਰਾਜੇ ਅਤੇ ਇੰਦਰਾਂ ਰਾਹੀਂ ਪੂਜਨਯੋਗ! ਸਭ ਭਾਵ ਚੋਂਤੀ ਅਤੀਸ਼ੈ ਸਮੇਤ ਹੋਣ ਕਾਰਨ ਸਰਵਉੱਤਮ! ਅਤੇ ਗਿਆਨ ਤੇ ਕਲਾਵਾਂ ਦੇ ਭੰਡਾਰ! ਅਜਿਹੇ ਹੇ ਸਰਵੱਗ ਪ੍ਰਭੂ! ਤੇਰੀ ਸਦਾ ਜੈ ਹੋ। ॥1॥

“ਤਿੰਨ ਲੋਕ ਦੇ, ਭਾਵ ਸਾਰੇ ਤਰਨਹਾਰ ਜੀਵਾਂ ਦੇ ਆਸਰੇ, ਦਿਆ ਦੀ ਮੂਰਤ! ਜਿਨਾਂ ਨੂੰ ਰੋਕਨਾਂ ਸਹਿਜ ਨਹੀਂ, ਅਜਿਹੇ ਸੰਸਾਰਕ ਵਿਕਾਰਾਂ ਨੂੰ ਭਾਵ ਕਾਮ, ਕਰੋਧ ਆਦਿ ਵਾਸਨਾਵਾਂ ਨੂੰ ਮਿਟਾਉਣ ਦੇ ਲਈ, ਵੈਦ ਦੇ ਸਮਾਨ! ਅਜਿਹੇ ਹਨ ਵੀਤ ਰਾਗ ਪ੍ਰਭੂ! ਸਰਲ ਭਾਵ ਨਾਲ ਤੇਰੇ ਪ੍ਰਤੀ ਬੇਨਤੀ ਕਰਦਾ ਹਾਂ”। ॥2॥

“ਕਿ ਬਾਲਕ ਬਾਲ ਖੇਡਾਂ ਵੱਸ ਅਪਣੇ ਮਾਂ ਪਿਉ ਦੇ ਸਾਹਮਣੇ ਬਿਨ੍ਹਾਂ ਸੋਚੇ ਵਿਚਾਰੇ ਨਹੀਂ ਬੋਲਦੇ? ਭਾਵ ਜਿਵੇਂ ਬਾਲਕ ਅਪਣੇ ਮਾਂ ਪਿਉ ਦੇ ਸਾਹਮਣੇ ਕਿਸੇ ਤਰ੍ਹਾਂ ਦੀ ਸੰਕਾ ਨਾ ਰੱਖਦੇ ਹੋਏ ਖੁਲ੍ਹੇ ਦਿਲ ਨਾਲ ਅਪਣੀ ਭਾਵਨਾ ਰੱਖਦਾ ਹੈ। ਉਸੇ ਪ੍ਰਕਾਰ ਹੇ ਪ੍ਰਭੂ! ਪਛਤਾਵੇ ਵਿੱਚ ਪਿਆ ਹੋਇਆ। ਮੈਂ

ਵੀ ਤੇਰੇ ਅੱਗੇ ਆਪਣਾ ਅਸਲ ਰੂਪ ਆਪ ਜੀ ਨੂੰ ਆਖਦਾ ਹਾਂ"। ॥3॥

"ਮੈਂ ਨਾ ਤਾਂ ਦਾਨ ਦਿੱਤਾ, ਨਾ ਸੁੰਦਰਸ਼ੀਲ ਭਾਵ ਬ੍ਰਹਮਚਰਜ ਦਾ ਪਾਲਨ ਕੀਤਾ ਅਤੇ ਨਾ ਤਪ ਰਾਹੀਂ ਸਰੀਰ ਨੂੰ ਤਪਾਇਆ, ਇਸੇ ਤਰ੍ਹਾਂ ਮੇਰੇ ਵਿੱਚ ਕੋਈ ਸੁੰਦਰ ਭਾਵ ਪੈਦਾ ਨਹੀਂ ਹੋਇਆ ਇਸ ਲਈ ਹੇ ਪ੍ਰਭੂ! ਮੈਨੂੰ ਦੁੱਖ ਹੈ ਕਿ ਮੈਂ ਇਸ ਸੰਸਾਰ ਵਿੱਚ ਬੇਅਰਥ ਭਰਮਨ ਕੀਤਾ ਭਾਵ ਜਨਮ ਲੈ ਕੇ ਉਸ ਦਾ ਕੋਈ ਲਾਭ ਨਹੀਂ ਉਠਾਇਆ"। ॥4॥

"ਇਕ ਤਾਂ ਮੈਂ ਕਰੋਧ ਰੂਪੀ ਅੱਗ ਵਿੱਚ ਜਲੀਆ ਹੋਇਆ ਹਾਂ, ਉਪਰੋਂ ਲੋਭ ਰੂਪੀ ਸੱਪ ਨੇ ਮੈਨੂੰ ਖਾ ਲਿਆ ਹੈ। ਉਸ ਤੋਂ ਬਾਅਦ ਮਾਇਆ ਦੇ ਜਾਲ ਵਿੱਚ ਫੰਸਿਆ ਹੋਇਆ, ਭਾਵ ਚਾਰ ਕਸਾਏ (ਕਰੋਧ, ਮਾਨ, ਮਾਇਆ, ਲੋਭ) ਨਾਲ ਲਿਬੜੀਆ ਹੋਇਆ ਹਾਂ। ਇਸ ਲਈ ਹੇ ਭਗਵਾਨ! ਮੈਂ ਤੇਰੀ ਸੇਵਾ ਕਿਸ ਪ੍ਰਕਾਰ ਕਰਾਂ? ਭਾਵ ਤੇਰੀ ਸੇਵਾ ਲਈ ਕੋਈ ਰਸਤਾ ਵਿਖਾਈ ਨਹੀਂ ਦਿੰਦਾ"। ॥5॥

"ਮੈਂ ਪਰਲੋਕ ਹਿਤ ਦੇ ਲਈ ਕੋਈ ਸਾਧਨ ਨਹੀਂ ਕੀਤਾ ਅਤੇ ਨਾ ਹੀ ਇਸ ਲੋਕ ਵਿੱਚ ਸੁਖ ਮਿਲੀਆ, ਇਸ ਲਈ ਹੇ ਜਿਨੇਸ਼ਵਰ ਦੇਵ! ਸਾਡੇ ਜਿਹੇ ਇਸ ਲੋਕ ਤੋਂ ਭ੍ਰਿਸ਼ਟ ਪ੍ਰਾਣੀਆਂ

ਦਾ ਜਨਮ ਸਿਰਫ ਜਨਮ ਪੂਰਾ ਕਰਨ ਲਈ ਹੀ ਹੋਇਆ ਹੈ"। ॥6॥

"ਹੇ ਸੁੰਦਰ ਚੱਰਿਤਰ ਸੰਪਨ ਪ੍ਰਭੂ! ਤੇਰੇ ਮੁਖ ਰੂਪੀ ਚੰਦਰਮਾਂ ਤੋਂ ਭਾਵ ਦੀਆਂ ਅਮ੍ਰਿਤ ਵਾਲੀ ਕਿਰਨਾਂ ਨੂੰ ਪਾਕੇ ਵੀ ਮੇਰੇ ਮਨ ਵਿਚੋਂ ਮਹਾਨ ਰਸ ਦਾ ਭਾਵ ਖੁਸ਼ੀ ਦਾ ਝਰਨਾ ਨਹੀਂ ਚਾਲੂ ਹੋਇਆ। ਇਉਣ ਜਾਪਦਾ ਹੈ ਕਿ ਮੇਰਾ ਮਨ ਪੱਥਰ ਤੋਂ ਜ਼ਿਆਦਾ ਕਠੋਰ ਹੈ ਭਾਵ ਚੰਦਰਮਾਂ ਦੀਆਂ ਕਿਰਨਾਂ ਦੀ ਮੈਲ ਹੁੰਦੀ ਹੈ ਚੰਦਰਕਾਂਤਾ ਪੱਥਰ ਪਿਘਲ ਜਾਂਦਾ ਹੈ। ਭਾਵ ਪਾਣੀ ਟਪਕਨ ਲੱਗ ਜਾਂਦਾ ਹੈ। ਪਰ ਹੇ ਪ੍ਰਭੂ! ਤੇਰੇ ਚੰਦ ਵਰਗੇ ਮੁਖ ਨੂੰ ਵੇਖਕੇ ਮੇਰੇ ਮਨ ਵਿੱਚ ਆਂਨੰਦ ਦਾ ਰਸ ਨਹੀਂ ਟੱਪਕੀਆ ਇਸ ਲਈ ਅਜਿਹੇ ਮਨ ਨੂੰ ਪੱਥਰ ਤੋਂ ਜ਼ਿਆਦਾ ਕਠਿਨ ਸਮਝਦਾ ਹਾਂ, ਹੇ ਪ੍ਰਭੂ! ਬਾਂਦਰ ਤੋਂ ਜ਼ਿਆਦਾ ਚੰਚਲ ਇਸ ਮਨ ਤੋਂ ਹਾਰ ਗਿਆ ਹਾਂ"। ॥7॥

"ਬਹੁਤ ਦੁਰਲੱਭ ਅਜਿਹਾ ਜੋ ਸੰਮਿਅਕ ਗਿਆਨ, ਸੰਮਿਅਕ ਦਰਸ਼ਨ, ਸੰਮਿਅਕ ਚੱਰਿਤਰ ਰੂਪੀ ਰਤਨ ਤ੍ਰੈ ਹੈ। ਉਸ ਨੂੰ ਅਨੇਕਾਂ ਜਨਮਾਂ ਵਿੱਚ ਘੁੰਮਦੇ ਘੁੰਮਦੇ ਅੰਤ ਵਿੱਚ ਤੇਰੀ ਕ੍ਰਿਪਾ ਨਾਲ ਪ੍ਰਾਪਤ ਕੀਤਾ। ਪਰ ਉਹ ਦੂਰਲੱਭ ਰਤਨ ਤ੍ਰੈ ਪ੍ਰਮਾਦ ਅਤੇ ਨੀਂਦ ਦੇ ਕਾਰਨ, ਮੇਰੇ ਹੱਥੋਂ ਚਲਾ ਗਿਆ।

ਹੁਣ ਹੇ ਸਵਾਮੀ, ਮੈਂ ਕਿਸ ਕੋਲ ਪੁਕਾਰ ਕਰਾਂ, ਭਾਵ ਅਪਣਾ ਦੁੱਖ ਕਿਸ ਨੂੰ ਸੁਣਾਵਾਂ"। ॥8॥

(ਮੈਂ) ਹੋਰਾਂ ਨੂੰ ਠੱਗਨ ਲਈ ਹੀ ਵੈਰਾਗ ਦਾ ਰੰਗ ਧਾਰਨ ਕੀਤਾ ਹੈ। ਲੋਕਾਂ ਨੂੰ ਖੁਸ਼ ਕਰਨ ਲਈ ਭਾਵ ਉਹਨਾਂ ਤੋਂ ਸ਼ੋਹਰਤ ਪ੍ਰਾਪਤ ਕਰਨ ਲਈ ਹੀ ਧਰਮ ਦਾ ਉਪਦੇਸ਼ ਦਿਤਾ। ਮੇਰਾ ਸ਼ਾਸਤਰ ਅਧਿਐਨ ਵੀ ਖੁਸ਼ਕ ਚਰਚਾ ਦਾ ਵਿਸ਼ਾ ਰਿਹਾ। ਭਾਵ, ਵੈਰਾਗ, ਧਰਮ, ਉਪਦੇਸ਼ ਤੇ ਸ਼ਾਸਤਰ ਗਿਆਨ ਤੋਂ ਵੀ ਮੈਂ ਕੋਈ ਤੱਤਵ ਪੱਖੋਂ ਲਾਭ ਨਹੀਂ ਉਠਾਇਆ, ਹੇ ਪ੍ਰਭੂ! ਮੈਂ ਅਪਣੀ ਹਾਸੋ ਹੀਨੀ ਹਾਲਤ ਦੀ ਚਰਚਾ ਕਿਸ ਨੂੰ ਆਖਾਂ? ॥9॥

ਮੈਂ ਪਰਾਈ ਨਿੰਦਾ ਕਰਕੇ ਮੂੰਹ ਨੂੰ, ਪਰਾਈ ਇਸਤਰੀ ਵੱਲ ਮਾੜੀ ਨਜ਼ਰ ਨਾਲ ਵੇਖ ਕੇ ਅੱਖ ਨੂੰ ਅਤੇ ਦੂਸਰੀਆਂ ਦੀ ਬੁਰਾਈ ਕਰਕੇ ਚਿੱਤ ਨੂੰ ਮੈਲਾ ਕੀਤਾ ਹੈ। ਹੇ ਪ੍ਰਭੂ! ਹੁਣ ਮੇਰੀ ਕਿ ਹਾਲਤ ਹੋਵੇਗੀ? ॥10॥

ਮੈਂ ਵਿਸ਼ੇ ਵਿਕਾਰਾਂ ਵਿੱਚ ਡੁੱਬ ਕੇ, ਅੰਨ੍ਹੇ ਹੋ ਕੇ ਕਾਮ ਭੋਗ ਰੋਗ ਤੋਂ ਪੈਦਾ ਪੀੜ ਦੀ ਗੁਲਾਮੀ ਨਾਲ ਅਪਣੀ ਆਤਮਾ ਨੂੰ ਜੋ ਕੁਝ ਪੀੜ ਪਹੁੰਚਾਈ, ਉਸ ਤੋਂ ਦੁੱਖੀ ਹੋ ਕੇ ਪ੍ਰਗਟ ਕਰ ਦਿੱਤਾ ਹੈ, ਕਿਉਂਕਿ ਹੇ ਸਭ ਕੁਝ ਜਾਣਨ ਵਾਲੇ ਪ੍ਰਭੂ! ਤੁਸੀਂ ਆਪ ਹੀ ਸਭ ਕੁਝ ਜਾਣਦੇ ਹੋ"। ॥11॥

"ਮੈਂ ਹੋਰ (ਧਰਮਾਂ ਦੇ) ਮੰਤਰਾਂ ਦੇ ਪ੍ਰਭਾਵ ਹੇਠ ਨਵਕਾਰ (ਨਮਸਕਾਰ) ਮੰਤਰ ਜਿਹੇ ਅਪੂਰਬ (ਮਹਾ ਫਲ ਦਾਇਕ) ਮੰਤਰ ਦਾ ਨਿਰਾਦਰ ਕੀਤਾ। ਵਾਸਨਾਵਾਂ ਵਧਾਉਣ ਵਾਲੇ ਕਾਮ ਸ਼ਾਸਤਰ ਆਦਿ ਦੀ ਝੂਠੇ ਸ਼ਾਸਤਰਾਂ ਦੇ ਜਾਲ ਵਿੱਚ ਫੰਸ ਕੇ ਸੱਚੇ ਆਗਮ ਗ੍ਰੰਥਾਂ ਦੀ ਉਲੰਘਣਾ ਕੀਤੀ ਅਤੇ ਸਰਾਗ (ਰਾਗ ਦਵੇਸ ਵਾਲੇ ਦੇਵਤਾ, ਜੋ ਹਥਿਆਰ, ਇਸਤਰੀ ਨਾਲ ਵਿਖਾਈ ਦਿੰਦੇ ਹਨ) ਦੇਵਤਿਆਂ ਦੀ ਉਪਾਸਨਾ ਦੇ ਕਾਰਨ ਤੋਂ ਮਾੜੇ ਕਰਮ ਕਰਨ ਦੀ ਇੱਛਾ ਕੀਤੀ ਹੇ ਨਾਥ! ਸੱਚ ਮੁਚ ਹੀ ਇਹ ਮੇਰੀ ਬੁੱਧੀ ਦਾ ਭਰਮ ਸੀ"। ॥12॥

"ਜਦ ਤੋਂ ਹੀ ਮੇਰੀ ਨਜ਼ਰ ਆਪ ਉੱਪਰ ਟਿੱਕੀ ਆਪ ਦੇ ਦਰਸ਼ਨ ਦਾ ਜਦ ਸਮਾਂ ਆਇਆ, ਤਾਂ ਬੁੱਧੀ - ਮੁਰਖਤਾ ਦੇ ਕਾਰਨ ਮੈਂ ਇੱਧਰੋ ਮਨ ਹਟਾ ਕੇ ਇਸਤਰੀਆਂ ਦੇ ਸੁੰਦਰ ਨੇਤਰਾਂ ਦੇ ਇਸ਼ਾਰੇ ਦਾ ਛਾਤੀਆਂ ਦਾ, ਧੂੰਨੀ ਦਾ ਸੁੰਦਰ ਕਟੀ ਪ੍ਰਦੇਸ਼ ਅਤੇ ਹਾਓ ਭਾਉ ਦਾ ਧਿਆਨ ਕੀਤਾ"। ॥13॥

"ਇਸਤਰੀਆਂ ਦਾ ਮੂੰਹ ਵੇਖਨ ਨਾਲ ਮੇਰੇ ਹਿਰਦੇ ਵਿੱਚ ਰਾਗ ਰੂਪੀ ਮੈਲ ਦਾ ਜੋ ਅੰਸ਼ ਮਾਤਰ ਰਹਿ ਗਿਆ ਹੈ ਉਹ ਪਵਿੱਤਰ ਸਿਧਾਂਤ ਰੂਪੀ ਸਮੁੰਦਰ ਵਿੱਚ ਹਥ ਧੋਨ ਤੇ ਵੀ ਹੁਣ ਤੱਕ ਦੂਰ ਨਹੀਂ ਹੋਇਆ। ਹੇ ਸੰਸਾਰ ਤਾਰਕ! ਇਸ ਦਾ ਕੀ ਕਾਰਨ ਹੈ"? ॥14॥

"ਨਾ ਤਾਂ ਮੇਰਾ ਸਰੀਰ ਸੁੰਦਰ ਹੈ, ਨਾ ਮੇਰੇ ਵਿੱਚ ਗੁਣਾਂ ਦਾ ਸਮੂਹ ਹੈ, ਨਾ ਮੇਰੇ ਕੋਲ ਕੋਈ ਉੱਤਮ ਕਲਾਂ ਵਿਲਾਸ ਹੈ, ਅਤੇ ਨਾ ਪ੍ਰਕਾਸ਼ਮਾਨ ਆਭਾ ਹੈ। ਮੇਰੇ ਪਾਸ ਸੰਪਤੀ ਵੀ ਨਹੀਂ, ਜੋ ਖਿੱਚ ਦਾ ਕਾਰਨ ਹੋਵੇ, ਫੇਰ ਵੀ ਹੰਕਾਰ ਤੋਂ ਮੈਂ ਪੀੜ ਝੱਲ ਰਿਹਾ ਹਾਂ"। ॥15॥

"ਉਮਰ ਲਗਾਤਾਰ ਘੱਟ ਰਹੀ ਹੈ, ਪਰ ਪਾਪ ਬੁੱਧੀ ਭਾਵ ਦੁਰਵਾਸਨਾ ਘੱਟ ਨਹੀਂ ਹੁੰਦੀ। ਉਮਰ ਵੀਤ ਗਈ, ਬੁੱਢਾਪਾ ਆ ਗਿਆ, ਪਰ ਅਜੇ ਤੱਕ ਤ੍ਰਿਸ਼ਨਾ ਨਹੀਂ ਗਈ। ਅਰਥਾਤ ਉਹ ਤ੍ਰਿਸ਼ਨਾ ਉਸੇ ਤਰ੍ਹਾਂ ਕਾਇਮ ਹੈ। ਕੋਸ਼ਿਸ ਕੀਤੀ ਜਾਂਦੀ ਹੈ ਕਿ ਸਿਰਫ ਦਵਾ ਦਾਰੂ ਦੇ ਲਈ ਹੀ ਧਰਮ ਦੇ ਲਈ ਨਹੀਂ। ਇਹ ਸਭ ਮੇਰੀ ਮਹਾਮੋਹ ਦਾ ਸਿੱਟਾ ਹੈ"। ॥16॥

"ਕੇਵਲ ਗਿਆਨ ਰੂਪੀ ਸੂਰਜ ਦੀ ਤਰ੍ਹਾਂ ਇਕ ਅਜਿਹੇ ਆਪ ਪ੍ਰਕਾਸ਼ਮਾਨ ਰਹਿੰਦੇ ਹੋਏ ਵੀ, ਮੈਂ ਨਾ ਤਾਂ ਆਤਮਾ ਹਾਂ, ਨਾ ਪੁੰਨ ਹਾਂ, ਨਾ ਪਾਪ ਹਾਂ ਅਤੇ ਨਾ ਪੁਨਰ ਜਨਮ ਇਸ ਪ੍ਰਕਾਰ ਚੋਰਾਂ ਦੀ ਕੋੜੀ ਬਾਣੀ – ਮਿਥਿਆ ਭਾਸ਼ਾ ਹੈ। ਹੇ ਭਗਵਾਨ! ਮੈਂ ਅਪਣੇ ਕੰਨਾਂ ਵਿੱਚ ਧਾਰਨ ਕੀਤਾ, ਅਜਿਹਾ ਕਰਨ ਤੇ ਮੈਨੂੰ ਧਿਕਾਰ ਹੈ"। ॥17॥

"ਨਾ ਮੈਂ ਦੇਵ (ਅਰਿਹੰਤ) ਦੀ ਪੂਜਾ ਕੀਤੀ ਨਾ ਮਹਿਮਾਨ ਦਾ ਸਤਿਕਾਰ, ਨਾ ਗ੍ਰਹਿਸਥ ਧਰਮ ਅਤੇ ਨਾ ਸਾਧੂ

ਧਰਮ ਦਾ ਹੀ ਪਾਲਨ ਕੀਤਾ, ਮਨੁੱਖ ਜਨਮ ਪਾ ਕੇ ਵੀ ਮੈਂ ਉਸ ਨੂੰ ਜੰਗਲ ਵਿੱਚ ਹੋਣ ਦੀ ਤਰ੍ਹਾਂ ਨਿਸਫਲ ਕੀਤਾ"। ॥18॥

"ਮੈਂ ਕਾਮਧੇਨੂ ਗਾਂ, ਕਲਪ ਬ੍ਰਿਖ ਅਤੇ ਚਿੰਤਾਮਨੀ ਜਿਹੇ ਅਸਤ - ਮਿਥਿਆ ਪਦਾਰਥਾਂ ਦੀ ਤਾਂ ਇੱਛਾ ਕੀਤੀ ਪਰ ਪਰਤੱਖ ਕਲਿਆਣ ਕਰਨ ਵਾਲੇ ਜੈਨ ਧਰਮ ਦੀ ਇੱਛਾ ਨਹੀਂ ਕੀਤੀ। ਹੇ ਜਿਨੇਸਰ! ਤੂੰ ਮੇਰੀ ਇਸ ਮੂਰਖਤਾ ਨੂੰ ਵੇਖ ਕਿ ਉਹ ਇਨ੍ਹੀ ਕਿਉਂ ਵੱਧੀ ਹੋਈ ਹੈ"। ॥19॥

"ਮੇਰੇ ਜਿਹੇ ਨੀਚ ਨੇ ਜਿਸ ਦਾ ਹਮੇਸ਼ਾ ਧਿਆਨ ਕੀਤਾ ਉਹ ਸੁੰਦਰ ਭੋਗ ਵਿਲਾਸ ਵਿੱਚ ਭੋਗ ਵਿਲਾਸ ਨਹੀਂ, ਸਗੋਂ ਰੋਗਾਂ ਦੀ ਜੜ ਹਨ। ਧੰਨ ਦਾ ਆਉਣਾ, ਸੱਚ ਮੁਚ ਧੰਨ ਦਾ ਆਉਣਾ ਨਹੀਂ, ਸਗੋਂ ਮੌਤ ਦਾ ਆਉਣਾ ਹੈ ਅਤੇ ਇਸਤਰੀ ਇਸਤਰੀ ਨਹੀਂ ਸਗੋਂ ਨਰਕ ਦੀ ਕਿਸ਼ਤੀ ਹੈ"। ॥20॥

"ਮੈਂ ਸਦਾਚਾਰ ਦਾ ਪਾਲਣ ਕਰਕੇ ਸਾਧੂ ਪੁਰਸ਼ਾਂ ਦੇ ਹਿਰਦੇ ਵਿੱਚ ਜਗ੍ਹਾ ਨਹੀਂ ਪ੍ਰਾਪਤ ਕੀਤੀ, ਅਰਥਾਤ ਸਦਾਚਾਰ ਨਾਲ ਮਹਾਤਮਾਵਾਂ ਨੂੰ ਖੁਸ਼ ਨਹੀਂ ਕੀਤਾ, ਪਰਉਪਕਾਰ ਕਰਕੇ ਧੰਨ ਨਹੀਂ ਕਮਾਇਆ ਅਤੇ ਤੀਰਥਾਂ ਦੀ ਸੇਵਾ ਦਾ ਅਤੇ ਮੰਦਿਰਾਂ ਦੀ ਮੁਰੰਮਤ ਦਾ ਪਵਿੱਤਰ ਕੰਮ ਨਹੀਂ ਕੀਤਾ ਮੈਂ ਜਨਮ ਵਿਅਰਥ ਹੀ ਗੁਆ ਦਿਤਾ"। ॥21॥

"ਮੈਨੂੰ ਨਾ ਤਾਂ ਗੁਰੂ ਦਾ ਉਪਦੇਸ਼ ਸੁਣ ਕੇ ਵਿਰਾਗ ਉਤਪੰਨ ਹੋਇਆ ਨਾ ਮੈਂ ਦੁਰਜਨਾ ਦੇ ਵਚਨਾ ਨੂੰ ਸੁਣ ਕੇ ਸ਼ਾਂਤੀ ਧਾਰਨ ਕੀਤੀ ਅਤੇ ਅਧਿਆਤਮ ਭਾਵ ਦਾ ਲੇਸ ਵੀ ਮੇਰੇ ਵਿੱਚ ਪੈਦਾ ਨਹੀਂ ਹੋਇਆ। ਇਸ ਲਈ ਹੇ ਭਗਵਾਨ! ਮੇਰੇ ਤੋਂ ਇਹ ਸੰਸਾਰ ਸਮੁੰਦਰ ਕਿਵੇਂ ਪਾਰ ਹੋਵੇਗਾ। ॥22॥

ਮੈਂ ਪਿਛਲੇ ਜਨਮ ਵਿੱਚ ਨਾ ਤਾਂ ਪੁੰਨ ਕੀਤਾ ਹੈ ਕਿਉਂਕਿ ਜੇ ਕੀਤਾ ਹੁੰਦਾ ਤਾਂ ਅਜਿਹੀ ਮਾੜੀ ਹਾਲਤ ਨਾ ਹੁੰਦੀ ਅਤੇ ਵਰਤਮਾਨ ਜਨਮ ਦੀ ਮਾੜੀ ਹਾਲਤ ਦੇ ਕਾਰਨ ਮੇਰੇ ਪਾਸੋਂ ਅਗਲੇ ਜਨਮ ਵਿੱਚ ਪੁੰਨ ਸੰਭਵ ਨਹੀਂ ਹੈ। ਜੇ ਮੈਂ ਇਸ ਤਰ੍ਹਾਂ ਜੀਵਨ ਜੀ ਰਿਹਾਂ ਤਾਂ ਹੇ ਭਗਵਾਨ ਮੇਰੇ ਭੂਤ, ਵਰਤਮਾਨ ਅਤੇ ਭੱਵਿਖ ਤਿੰਨਾਂ ਜਨਮਾਂ ਵਿੱਚ ਐਵੇਂ ਹੀ ਬਰਬਾਦ ਹੋਏ। ਉਨ੍ਹਾਂ ਤੋਂ ਕੁਝ ਵੀ ਸ਼ੁਭ ਦੀ ਪ੍ਰਾਪਤੀ ਨਹੀਂ ਹੋਈ"। ॥23॥

"ਦੇਵਤੀਆਂ ਦੇ ਵੀ ਪੂਜਨ ਯੋਗ ਹੇ ਪ੍ਰਭੂ! ਆਪ ਦੇ ਅੱਗੇ ਅਪਣੇ ਚਰਿਤਰ ਨੂੰ ਤਰ੍ਹਾਂ ਤਰ੍ਹਾਂ ਨਾਲ ਵਿਅਰਥ ਹੀ ਆਖ ਰਿਹਾ ਹਾਂ ਕਿਉਂਕਿ ਆਪ ਤਾਂ ਤਿੰਨ ਲੋਕ ਦਾ ਸਵਰੂਪ ਨੂੰ ਵੇਖਨ ਜਾਣਨ ਵਾਲੇ ਹੋ। ਮੇਰਾ ਤਾਂ ਜੀਵਨ ਚਰਿਤਰ ਥੋੜਾ ਹੈ, ਤੁਹਾਡੇ ਲਈ ਇਹ ਕੀ ਖਾਸ਼ ਗੱਲ ਹੈ? ॥24॥

ਹੇ ਜਿਨੇਦਰ! ਇਸ ਲੋਕ ਵਿੱਚ ਤੁਹਾਡੇ ਤੋਂ ਵੱਧ ਕੇ ਦੂਸਰਾ ਕੋਈ ਨਹੀਂ, ਦੀਨ ਦੁੱਖੀਆਂ ਦਾ ਬੇੜਾ ਪਾਰ ਕਰਨ

ਵਾਲਾ ਹੈ ਅਤੇ ਮੇਰੇ ਤੋਂ ਜ਼ਿਆਦਾ ਕੋਈ ਗਰੀਬ – ਰਹਿਮ ਦਾ ਪਾਤਰ ਨਹੀਂ। ਫੇਰ ਵੀ ਮੈਂ ਇਛਾ ਲਕਸ਼ਮੀ ਸੰਸਾਰਕ ਸੁਖਾਂ ਨੂੰ ਕੌਣ ਨਹੀਂ ਚਾਹੁੰਦਾ? ਪਰ ਮੋਕਸ ਰੂਪੀ ਲਕਸ਼ੀ ਦੀ ਪ੍ਰਾਪਤੀ ਲਈ ਰਤਨਾਕਰ – ਸਮੁੰਦਰ ਦੀ ਤਰ੍ਹਾਂ ਅਤੇ ਮੰਗਲ ਦੇ ਪ੍ਰਮੁੱਖ ਸਥਾਨ ਅਜਿਹੇ, ਹੇ ਅਰਹਨ ਪ੍ਰਭੂ! ਮੈਂ ਸਿਰਫ ਉਸ ਸੁੰਦਰ ਗਿਆਨ ਰੂਪੀ ਰਤਨ ਦੀ ਜੋ ਮੰਗਲ ਅਤੇ ਮੋਕਸ਼ ਦੇਣ ਵਾਲਾ ਹੈ, ਬੇਨਤੀ ਕਰਦਾ ਹਾਂ। ਭਾਵ ਆਪ ਰਤਨਾਕਰ ਹੋ ਆਪ ਕੋਲ ਅਨੇਕਾਂ ਰਤਨ ਹਨ, ਅਤੇ ਮੇਰੀ ਮੰਗ ਤਾਂ ਸਿਰਫ ਇਕ ਹੀ ਰਤਨ ਦੀ ਹੈ। ਇਕ ਰਤਨ ਪਾਉਣ ਨਾਲ ਮੇਰਾ ਕਲਿਆਣ ਹੋ ਜਾਵੇਗਾ ਅਤੇ ਤੁਹਾਡੇ ਭੰਡਾਰੇ ਵਿੱਚ ਕੋਈ ਫਰਕ ਨਹੀਂ ਆਵੇਗਾ। ॥25॥